**ਪੰਜਾਬ ਸਰਕਾਰ**

**ਸਿੱਖਿਆ ਵਿਭਾਗ**

ਵੱਲ

ਸਮੂਹ ਮੰਡਲ ਸਿੱਖਿਆ ਅਫਸਰ (ਪੰਜਾਬ)

ਸਮੂਹ ਜਿਲਾ ਸਿੱਖਿਆ ਅਫਸਰ (ਸੈਸਿ), ਪੰਜਾਬ।

ਸਮੂਹ ਜਿਲਾ ਸਿੱਖਿਆ ਅਫਸਰ (ਐਸਿੱ) ਪੰਜਾਬ।

ਮੀਮੋ ਨੰ: 15/61/2017- ਰੈ- ਸੈਂ(3)

ਮਿਤੀ ਚੰਡੀਗੜ੍ਹ 07-08-2017

ਵਿਸ਼ਾ: ਮਹਿਕਮੇ ਵੱਲੋਂ ਭੇਜੇ ਗਏ ਵੱਖ ਵੱਖ ਪੱਤਰਾਂ ਦਾ ਸਕੂਲ / ਕਲਾਸ ਮੁਖੀਆ ਵੱਲੋਂ ਸਕੂਲ ਪੱਧਰ ਤੇ ਲਾਗੂ ਕਰਨ ਵਿੱਚ ਵਰਤੀ ਜਾਂਦੀ ਅਣਗਹਿਲੀ ਸਬੰਧੀ।

1. ਉਪਰੋਕਤ ਵਿਸ਼ੇ ਸਬੰਧੀ ਸਿੱਖਿਆ ਵਿਭਾਗ ਦੇ ਧਿਆਨ ਵਿੱਚ ਆਇਆ ਹੈ ਕਿ ਸਿੱਖਿਆ ਵਿਭਾਗ ਪੰਜਾਬ ਸਰਕਾਰ ਵੱਲੋਂ ਅਧਿਆਪਕਾ ਦੇ ਹਿੱਤਾ ਅਤੇ ਸਕੂਲ ਵਿੱਚ ਪੜਾਈ ਦਾ ਮਿਆਰ ਉਚਾ ਚੁੱਕਣ ਲਈ ਜੋ ਵੀ ਫੈਸਲੇ ਲਏ ਜਾਂਦੇ ਹਨ ਸਕੂਲ ਮੁੱਖੀ ਉਹਨਾ ਨੂੰ ਸਹੀ ਢੰਗ ਨਾਲ ਸਕੂਲ ਪੱਧਰ ਤੇ ਲਾਗੂ ਹੀ ਨਹੀ ਕਰਦੇ ਜੋ ਕਿ ਬਹੁਤ ਹੀ ਗੰਭੀਰ ਸਮੱਸਿਆ ਹੈ। ਇਸ ਤਰਾ ਕਰਨ ਨਾਲ ਸਰਕਾਰ ਵੱਲੋਂ ਕੀਤੀ ਜਾ ਰਹੀ ਸਿੱਖਿਆ ਸੁਧਾਰ ਦੀ ਕੋਸ਼ਿਸ਼ ਵਿੱਚ ਵਿਘਨ ਪੈਂਦਾ ਹੈ।

2. ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਅਤੇ ਪੰਜਾਬ ਸਰਕਾਰ ਸਿੱਖਿਆ ਵਿਭਾਗ ਵੱਲੋਂ ਬਾਰ ਬਾਰ ਇਹ ਹਦਾਇਤ ਜਾਰੀ ਕੀਤੀ ਗਈ ਹੈ ਕਿ ਸਕੂਲ ਪੱਧਰ ਤੇ ਸਾਰੇ ਫੰਡ ( ਪੀਟੀਏ, ਰਮਸਾ , ਸਸਅ, ਸਪੋਰਟਸ, ਅਮਾਲਗਾਮੇਟਿਡ, ਡੁਕੇਲ,ਕਲਚਰਲ, ਵਜੀਫਾ) ਅਤੇ ਡਾਕ ਦਾ ਕੰਮ ਕਲਰਕ ਦੁਆਰਾ ਹੀ ਮੇਨਟੇਨ ਕੀਤੇ ਜਾਣਗੇ ਪ੍ਰੰਤੂ ਫਿਰ ਵੀ ਫੀਲਡ ਵਿੱਚੋਂ ਪ੍ਰਾਪਤ ਹੋ ਰਹੀਆ ਸ਼ਿਕਾਇਤਾ ਦੇ ਆਧਾਰ ਤੇ ਇਹ ਪਤਾ ਲੱਗਾ ਹੈ ਕਿ ਅਜੇ ਤੱਕ ਇਹ ਫੰਡ ਅਤੇ ਡਾਕ ਦਾ ਕੰਮ ਕੁਝ ਸਕੂਲਾਂ ਵਿੱਚ ਅਧਿਆਪਕਾਂ ਕੋਲ ਹੀ ਹਨ ਜੋ ਕਿ ਬਹੁਤ ਗੰਭੀਰ ਲਾਪਰਵਾਹੀ ਹੈ ਜਿਸ ਦੀ ਨਿਰੋਲ ਜਿੰਮੇਵਾਰੀ ਸਕੂਲ ਮੁਖੀ ਦੀ ਹੈ। ਸਮੂਹ ਜਿਲਾ ਸਿੱਖਿਆ ਅਫਸਰ ਸਾਹਿਬਾਨ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਿੱਖਿਆ ਵਿਭਾਗ ਵੱਲੋਂ ਸਮੇ ਸਮੇ ਤੇ ਭੇਜੀਆ ਹਦਾਇਤਾ ਤੁਰੰਤ ਪੱਧਰ ਤੇ ਲਾਗੂ ਕਰਵਾਈਆ ਜਾਣ।

3. ਪੰਜਾਬ ਰਾਜ ਦੇ ਸਮੂਹ ਸਕੂਲ ਮੁਖੀਆ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਸਾਰਾ ਕੰਮ ਅਧਿਆਪਕਾ ਤੋਂ ਲੈਕੇ ਕਲਰਕ ਨੂੰ ਦਿੱਤਾ ਜਾਵੇ ਇਸ ਵਿੱਚ ਕਿਸੇ ਕਿਸਮ ਦੀ ਦੇਰੀ ਨਾ ਕੀਤੀ ਜਾਵੇ। ਉਕਤ ਹਦਾਇਤਾਂ ਸਮੂਹ ਅਧਿਆਪਕਾਂ ਨੂੰ ਨੋਟ ਕਰਵਾਈਆ ਜਾਣ ਸਕੂਲ ਪੱਧਰ ਤੇ ਫੰਡਜ / ਡਾਕ ਦਾ ਕੰਮ ਕਰ ਰਹੇ ਅਧਿਆਪਕਾ ਨੂੰ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਉਕਤ ਕੰਮ ਨੂੰ ਤੁਰੰਤ ਛੱਡ ਦੇਣ ਚੈਕਿੰਗ ਦੋਰਾਨ ਜਿਹਨਾ ਅਧਿਆਪਕਾ ਕੋਲ ਉਕਤ ਕੰਮ ਪਾਏ ਗਏ ਉਹਨਾ ਵਿਰੁੱਧ ਵੀ ਸਖਤ ਕਾਰਵਾਈ ਕੀਤੀ ਜਾਵੇਗੀ।

4. ਉਕਤ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ।

ਸਕੱਤਰ ਸਕੂਲ ਸਿੱਖਿਆ
ਪੰਜਾਬ ਚੰਡੀਗੜ੍ਹ